# ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਪੰਜਵੀਂ ਮੰਜਿਲ, ਬਲਾਕ ਈ, ਵਿੱਦਿਆ ਭਵਨ (ਸਿੱਖਿਆ ਵਿਭਾਗ) ਫੇਜ਼-8, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ
ਫੋਨ ਨੰ:- 0172-5212367, ਈਮੇਲ- meritorious.punjab@punjabeducation.gov.in

ਮੀਮੋ ਨੰ:- MS/2022/38477/2022/192064 ਮਿਤੀ:- 20.07.2022

## ਜਨਤਕ ਸੂਚਨਾ

1.0 ਸੁਸਾਇਟੀ ਵਲੋਂ ਵੱਖ-ਵੱਖ ਮੈਰੀਟੋਰਿਅਸ ਸਕੂਲਾਂ ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਦਾਖਲੇ ਲਈ ਮੀਮੋ ਨੰ:- **MS/2022/38477/2022189517,** ਮਿਤੀ:- 18.07.2022 ਰਾਹੀਂ ਜਨਤਕ ਸੂਚਨਾ ਜਾਰੀ ਕਰਕੇ ਸਟਰੀਮ ਅਤੇ ਸਕੂਲ ਜਿਸ ਵਿੱਚ ਦਾਖਲਾ ਲੈਣਾ ਹੈ ਦੀ ਚੋਣ ਕਰਨ ਲਈ ਯੋਗ ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਸੀ।

2.0 ਸੁਸਾਇਟੀ ਵੱਲੋਂ ਜਾਰੀ ਕੀਤੇ ਹੈਲਪਲਾਇਨ ਨੰ ਤੇ ਉਮੀਦਵਾਰਾਂ ਵੱਲੋਂ ਸੰਪਰਕ ਕਰਕੇ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਦਾਖਲੇ ਲਈ ਸਟਰੀਮ ਅਤੇ ਸਕੂਲ ਚੋਣ ਵਿੱਚ ਕੁਝ ਤਬਦੀਲੀ ਕੀਤੀ ਜਾਣੀ ਹੈ, ਸੰਬੰਧੀ ਬੇਨਤੀ ਕੀਤੀ ਜਾ ਰਹੀ ਹੈ।

3.0 ਉਮੀਦਵਾਰਾਂ ਵੱਲੋਂ ਕੀਤੀ ਬੇਨਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਸਾਇਟੀ ਵੱਲੋਂ ਸਮੂਹ ਉਮੀਦਵਾਰਾਂ ਨੂੰ ਸਟਰੀਮ ਅਤੇ ਸਕੂਲ ਚੋਣ ਵਿੱਚ ਤਬਦੀਲੀ ਕਰਨ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ, ਇਸ ਲਈ ਸਮੂਹ ਉਮੀਦਵਾਰਾਂ ਦਾ ਡਾਟਾ **unlock** ਕਰ ਦਿੱਤਾ ਗਿਆ ਹੈ। ਸਮੂਹ ਯੋਗ ਉਮੀਦਵਾਰ **ssapunjab.org** ਤੇ ਦਿੱਤੇ ਲਿੰਕ **Admission in Meritorious Schools** ਤੇ ਜਾ ਕੇ **station choice for 11th or 12th class** ਤੇ ਕਲਿੱਕ ਕਰਨਗੇ। ਉਸ ਉਪਰੰਤ **Exam Roll Number, Date of Birth** ਅਤੇ **Aadhar Card number** ਦਰਜ ਕਰਵਾ ਕੇ ਸਟਰੀਮ ਅਤੇ ਸਕੂਲ ਚੋਣ ਵਿੱਚ ਤਬਦੀਲੀ ਕਰ ਸਕਦੇ ਹਨ ਜਾਂ ਜਿਨ੍ਹਾਂ ਨੇ ਅਜੇ ਸਟਰੀਮ ਅਤੇ ਸਕੂਲ ਚੋਣ ਨਹੀਂ ਕੀਤੀ ਉਹ ਆਪਣੀ ਚੋਣ ਦਰਜ ਕਰਵਾ ਸਕਦੇ ਹਨ। ਅੰਤਿਮ ਮਿਤੀ ਤੋਂ ਬਾਅਦ ਕਿਸੇ ਤਰਾਂ ਦੀ ਤਬਦੀਲੀ ਨਹੀਂ ਕੀਤੀ ਜਾ ਸਕਦੀ।

**ਧਿਆਨ ਦੇਣ ਯੋਗ ਨੁਕਤੇ:-**

ੳ) ਉਮੀਦਵਾਰ ਪਹਿਲਾਂ ਤਰਤੀਬ ਅਨੁਸਾਰ ਆਪਣੀ **choice of Stream** ਦਰਜ ਕਰਨਗੇ ਅਤੇ ਉਸ ਉਪਰੰਤ ਪੰਜਾਬ ਰਾਜ ਦੇ ਸਾਰੇ ਮੈਰੀਟੋਰੀਅਸ ਸਕੂਲਾਂ ਲਈ ਤਰਤੀਬ ਅਨੁਸਾਰ ਆਪਣੀ **choice of station (school)** ਭਰਨਗੇ। ਸਕੂਲ ਚੋਣ ਸਾਰੀਆਂ **Streams** ਲਈ ਇਕੋਂ ਹੀ ਹੋਵੇਗੀ, ਵੱਖ-ਵੱਖ **Streams** ਲਈ ਵੱਖਰੀ ਵੱਖਰੀ ਸਕੂਲ ਚੋਣ ਨਹੀਂ ਕੀਤੀ ਜਾ ਸਕਦੀ।

ਅ) **12th class** ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਕੇਵਲ ਉਸ ਸਟਰੀਮ ਲਈ ਹੀ ਚੋਣ ਕਰਨਗੇ, ਜਿਸ ਸਟਰੀਮ ਦੀ ਪ੍ਰੀਖਿਆ ਉਹਨਾਂ ਵੱਲੋਂ **11th class** ਵਿੱਚ ਦਿੱਤੀ ਗਈ ਹੈ।

ੲ) **Stream** ਚੋਣ ਅਤੇ ਸਕੂਲ ਚੋਣ ਮਿਤੀ 19.07.2022 ਤੋਂ 21.07.2022 (ਰਾਤ 12.00 ਵਜੇ ਤੱਕ) ਕੀਤੀ ਜਾ ਸਕਦੀ ਹੈ। ਉਸ ਉਪਰੰਤ ਸਟੇਸ਼ਨ ਚੋਣ ਨਹੀਂ ਕੀਤੀ ਜਾ ਸਕੇਗੀ। ਸਟੇਸ਼ਨ ਅਤੇ ਸਟਰੀਮ ਚੋਣ ਨਾ ਕਰਨ ਦੀ ਸੂਰਤ ਵਿੱਚ ਇਹ ਮੰਨ ਲਿਆ ਜਾਵੇਗਾ ਕਿ ਸਬੰਧਤ ਉਮੀਦਵਾਰ ਦਾਖਲਾ ਲੈਣ ਲਈ ਇਛੁੱਕ ਨਹੀਂ ਹੈ ਅਤੇ ਉਹਨਾਂ ਦੀ ਇਵਜ ਵਿੱਚ **waiting list** ਵਿਚੋਂ ਅਗਲੇ ਯੋਗ ਉਮੀਦਵਾਰਾਂ ਨੂੰ ਮੌਕਾ ਦਿੱਤਾ ਜਾਵੇਗਾ ਜਿਸ ਲਈ ਸਮਾਂ-ਸਾਰਣੀ ਵੱਖਰੋ ਤੌਰ ਤੇ ਜਾਰੀ ਕੀਤੀ ਜਾਵੇਗੀ।

**ਸਹਾਇਕ ਪ੍ਰੋਜੈਕਟ ਡਾਇਰੈਕਟਰ**
**ਮੈਰੀਟੋਰੀਅਸ ਸੁਸਾਇਟੀ, ਪੰਜਾਬ**